ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੀ ਪ੍ਰਧਾਨਗੀ ਹੇਠ ਮਿਤੀ 27 ਅੰਕਤੂਬਰ 2012 ਨੂੰ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੀ ਕਾਰਵਾਈ ਸਬੰਧੀ ।

1.0 **<u>ਸਜ਼ਾ ਯਾਫਤਾ ਕਰਮਚਾਰੀਆਂ ਸੰਬੰਧੀ ਲੋੜੀਂਦੀ ਕਾਰਵਾਈ ਕਰਨ ਸੰਬੰਧੀ।</u>**

ਸਿੱਖਿਆ ਵਿਭਾਗ ਦੇ ਕਈ ਮੁਲਾਜ਼ਮ ਜਿਹਨ੍ਹਾਂ ਨੂੰ ਵੱਖ-ਵੱਖ ਅਦਾਲਤਾਂ ਵੱਲੋ ਸਜ਼ਾ ਹੋ ਚੁੱਕੀ ਹੈ ਉਹ ਵਿਭਾਗ ਵਿੱਚ ਅਜੇ ਵੀ ਨੌਕਰੀ ਕਰ ਰਹੇ ਹਨ, ਇਸ ਸਬੰਧੀ ਦਫਤਰ ਵੱਲੋ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ। ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜੇਕਰ ਆਪ ਦੇ ਅਧੀਨ ਖੇਤਰ ਵਿੱਚ ਕੋਈ ਸਜਾਂ ਯਾਫਤਾ ਮੁਲਾਜ਼ਮ ਵਿਭਾਗ ਵਿੱਚ ਨੌਕਰੀ ਕਰ ਰਿਹਾ ਹੈ ਤਾਂ ਹਦਾਇਤਾਂ ਅਨੁਸਾਰ ਅਜਿਹੇ ਮੁਲਾਜਮਾਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ ਅਤੇ ਇਨ੍ਹਾਂ ਬਾਰੇ ਮੁੱਖ ਦਫ਼ਤਰ ਨੂੰ ਜਾਣਕਾਰੀ ਦਿੱਤੀ ਜਾਵੇ।

2.0 **<u>ਅਧਿਆਪਕਾਂ ਤੋਂ ਸਕੂਲੀ ਸਮੇਂ ਦੌਰਾਨ ਗੈਰ ਵਿਦਿਅਕ ਕੰਮ ਨਾ ਲੈਣ ਬਾਰੇ।</u>**

ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜੇਕਰ ਆਪ ਦੇ ਅਧੀਨ ਕੋਈ ਵੀ ਮੁਲਾਜ਼ਮ ਸਕੂਲ ਸਮੇਂ ਦੌਰਾਨ ਕਿਸੇ ਹੋਰ ਵਿਭਾਗ ਵਿੱਚ ਡਿਊਟੀ ਦੇ ਕੰਮ ਕਰਦਾ ਪਾਇਆ ਜਾਂਦਾ ਹੈ ਤਾਂ ਸਬੰਧਤ ਕਰਮਚਾਰੀ ਦੇ ਨਾਲ-ਨਾਲ ਸਬੰਧਤ ਅਧਿਕਾਰੀ ਖਿਲਾਫ ਵੀ ਕਾਰਵਾਈ ਤੋ ਗੁਰੇਜ ਨਹੀ ਕੀਤੀ ਜਾਵੇਗਾ, ਇਸ ਲਈ ਅਜਿਹੇ ਮੁਲਾਜਮਾਂ ਸਬੰਧੀ ਜਾਣਕਾਰੀ ਤੁਰੰਤ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

3.0 **<u>ਡੀ.ਆਰ.ਪੀ/ਬੀ.ਆਰ.ਪੀ ਲਗਾਉਣ ਸਬੰਧੀ।</u>**

ਮੀਟਿੰਗ ਵਿੱਚ ਧਿਆਨ ਵਿੱਚ ਆਇਆ ਕਿ ਕਈ ਜਿਲ੍ਹਿਆਂ ਵਿੱਚ ਬੀ.ਆਰ.ਪੀ ਲਗਾਉਣ ਦਾ ਕੰਮ ਅਜੇ ਤੱਕ ਪੂਰਾ ਨਹੀ ਕੀਤਾ ਗਿਆ, ਜਿਸ ਨੂੰ ਜਲਦ ਪੂਰਾ ਕੀਤਾ ਜਾਵੇ।

4.0 **<u>ਰਾਜ ਵਿਚ ਸਰਕਾਰੀ ਸਕੂਲਾਂ ਵਿੱਚ ਪੜਦੇ ਸਾਇੰਸ ਅਤੇ ਮੈਥ ਵਿਸ਼ੇ ਦੇ ਵਿਦਿਆਰਥੀਆਂ ਦੀ ਚੋਣ ਸਬੰਧੀ।</u>**

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਸਰਕਾਰੀ ਸਕੂਲਾਂ ਵਿੱਚ ਬਾਰਵੀਂ ਜਮਾਤ ਵਿੱਚ ਪੜ੍ਹਦੇ ਸਾਇੰਸ ਅਤੇ ਮੈਥ ਵਿਸ਼ੇ ਦੇ ਹੁਸ਼ਿਆਰ ਵਿਦਿਆਥੀਆਂ ਦੀ ਚੋਣ ਕੀਤੀ ਜਾਵੇ ਅਤੇ ਇਹਨ੍ਹਾਂ ਵਿਦਿਆਰਥੀਆਂ ਤੇ ਖਾਸ ਧਿਆਨ ਤੇ ਵਧੇਰੇ ਟ੍ਰੇਨਿੰਗ ਦੇ ਕੇ ਵੱਖ-ਵੱਖ ਕੈਟਾਗਿਰੀਆਂ ਦੇ ਮੁਕਾਬਲੇ ਵਾਸਤੇ ਤਿਆਰ ਕੀਤਾ ਜਾਵੇ, ਜਿਸ ਲਈ ਜਿਲ੍ਹਾ ਪੱਧਰ ਤੇ ਵਧੀਆ ਅਧਿਆਪਕਾਂ ਦੀਆਂ ਕਮੇਟੀਆਂ ਤਿਆਰ ਕੀਤੀਆਂ ਜਾਣ, ਜੋ ਇਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਸਮੇਂ ਉਪਰੰਤ ਜਿਲ੍ਹਾ ਪੱਧਰ ਤੇ ਟ੍ਰੇਨਿੰਗ ਦੇਣਗੇ ਅਤੇ ਇਸ ਸਬੰਧੀ ਜਿਹੜੇ ਵੀ ਫੰਡ ਲੋੜੀਦੇ ਹੋਣਗੇ ਉਹ ਮੁੱਖ ਦਫ਼ਤਰ ਵੱਲੋ ਅਦਾ ਕੀਤੇ ਜਾਣਗੇ। ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਰਾਜ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬਾਰਵੀ ਦੇ ਸਾਇੰਸ ਅਤੇ ਮੈਥ ਵਿਸ਼ੇ ਦੇ ਹੁਸ਼ਿਆਰ ਵਿਦਿਆਰਥੀਆਂ ਦੀ ਚੋਣ ਕਰਕੇ ਰਿਪੋਰਟ ਤਿਆਰ ਕਰਕੇ ਮੁੱਖ ਦਫ਼ਤਰ ਨੂੰ ਭੇਜੀ ਜਾਵੇ ।

5.0 **<u>Rationalization of Blocks</u>**

ਰਾਜ ਵਿੱਚ ਬਹੁਤ ਸਾਰੇ ਬਲਾਕਾ ਦੀ ਵੰਡ ਸਕੂਲਾਂ ਨੂੰ ਮੱਦੇ ਨਜਰ ਰੱਖ ਕੇ ਨਹੀ ਕੀਤੀ ਗਈ ਹੈ, ਕਈ ਸ਼ਹਿਰੀ ਬਲਾਕਾ ਅਧੀਨ ਸਕੂਲਾਂ ਦੀ ਗਿਣਤੀ ਪੇਂਡੂ ਬਲਾਕਾ ਦੇ ਮਦੇ-ਨੰਜਰ ਕਾਫੀ ਘੱਟ ਹੈ, ਇਸ ਲਈ ਬਲਾਕਾ ਨੂੰ Rationalize ਕਰਨ ਦੀ ਲੋੜ ਹੈ। ਇਸ ਸਬੰਧੀ ਤਜਵੀਜ਼ਾਂ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜੀਆਂ ਜਾਣ ਤਾਂ ਤੋ ਇਨ੍ਹਾਂ ਬਲਾਕਾ ਨੂੰ ਰੈਸ਼ਨੇਲਾਈਜ਼ ਕਰਨ ਸਬੰਧੀ ਤਜਵੀਜ਼ ਸਰਕਾਰ ਨੂੰ ਭੇਜ ਕੇ ਪ੍ਰਵਾਨਗੀ ਲਈ ਲਿੱਖ ਦਿੱਤਾ ਜਾਵੇ।

## 6.0 ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਸਬੰਧੀ।

ਕੁਝ ਜਿਲ੍ਹਿਆਂ ਵਿੱਚ ਕਈ ਸਕੂਲਾਂ ਵਿੱਚ ਅਜੇ ਤੱਕ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠ ਅੱਜੇ ਤੱਕ ਨਹੀਂ ਕੀਤਾ ਗਿਆ। ਇਸ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਅਧੀਨ ਆਉਂਦੇ ਸਮੂਹ ਸਕੂਲਾਂ ਵਿੱਚ ਹਰ ਹਾਲਤ ਵਿੱਚ ਇਕ ਹਫਤੇ ਦੇ ਅੰਦਰ-ਅੰਦਰ ਮਿਤੀ 9.11.2012 ਤੱਕ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕੀਤਾ ਜਾਵੇ ਅਤੇ ਜਿਸ ਦੀ ਰਿਪੋਰਟ ਮੁੱਖ ਦਫ਼ਤਰ ਨੂੰ ਰਿਪੋਰਟ ਭੇਜੀ ਜਾਵੇ।

## 7.0 ਸਕੂਲਾਂ ਵਿੱਚ ਪਏ ਵਾਧੂ ਫਰਨੀਚਰ ਨੂੰ ਲੋੜਵੰਦ ਸਕੂਲਾਂ ਵਿੱਚ ਸਿਫਟ ਕਰਨ ਸਬੰਧੀ

ਜਿਹਨ੍ਹਾਂ ਸਕੂਲਾਂ ਵਿੱਚ ਪ੍ਰਾਪਤ ਹੋਇਆ ਫਰਨੀਚਰ ਲੋੜ ਤੋਂ ਵੱਧ ਹੈ ਅਥਾਤ ਪ੍ਰਯੋਗ ਨਹੀਂ ਹੋ ਰਿਹਾ ਅਤੇ ਉਸ ਨੂੰ ਲੋੜ ਵਾਲੇ ਸਕੂਲਾਂ ਵਿੱਚ ਸ਼ਿਫਟ ਕੀਤਾ ਜਾਵੇ।

## 8.0 ਸਕੂਲਾਂ ਵਿੱਚ ਸਕੂਲ ਭਲਾਈ ਫੰਡ ਖੋਲਣ ਸਬੰਧੀ

ਇਸ ਲਈ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ) ਨੂੰ ਕਿਹਾ ਗਿਆ ਕਿ ਜਿਨ੍ਹਾਂ ਸਕੂਲਾਂ ਵਿੱਚ ਅਜਿਹੇ ਫੰਡ ਅਜੇ ਸ਼ੁਰੂ ਨਹੀਂ ਹੋਏ ਉਨ੍ਹਾਂ ਸਕੂਲਾਂ ਦੇ ਅਧਿਆਪਕਾਂ/ਮੁਖੀਆਂ ਨੂੰ ਵੀ ਆਪਣੇ ਪੱਧਰ ਤੇ ਵੈਲਫੇਅਰ ਫੰਡ ਸਥਾਪਿਤ ਕਰਨ ਬਾਰੇ ਉਤਸ਼ਾਹਿਤ ਕੀਤਾ ਜਾਵੇ।

## 9.0 ਪ੍ਰਾਇਮਰੀ ਸਿੱਖਿਆ ਦੇ ਸੁਧਾਰ ਦਾ 'ਪ੍ਰਵੇਸ਼' ਪ੍ਰੋਗਰਾਮ ਸਬੰਧੀ।

ਪ੍ਰਵੇਸ਼ ਪ੍ਰੋਜੈਕਟ ਅਧੀਨ ਭੇਜੀਆਂ ਗਈਆਂ ਕਿਤਾਬਾ ਹਾਲੇ ਤੱਕ ਬਲਾਕਾਂ ਵਿੱਚ ਹੀ ਪਈਆਂ ਹਨ ਅਤੇ ਜਿਸ ਨਾਲ ਇਸ ਪ੍ਰੋਜੈਕਟ ਨੂੰ ਪ੍ਰਭਾਵਸ਼ੈਲੀ ਢੰਗ ਨਾਲ ਚਲਾਉਣ ਨਾਲ ਚਲਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਜੋ ਟੀਚਾ ਨਿਰਧਾਰਤ ਕੀਤਾ ਗਿਆ ਹੈ ਉਹ ਪੂਰਾ ਨਹੀ ਹੋ ਰਿਹਾ। ਇਸ ਲਈ ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਪੰਜਾਬ ਨੂੰ ਕਿਹਾ ਕਿ ਉਹ ਆਪਣਾ ਨਿਜੀ ਧਿਆਨ ਦੇਕੇ ਇਸ ਪ੍ਰਜੈਕਟ ਅਧੀਨ ਪ੍ਰਾਪਤ ਹੋਈਆਂ ਪਾਠ ਪੁਸਤਕਾਂ ਨੂੰ ਜਲਦ ਤੋਂ ਜਲਦ ਸਕੂਲਾਂ ਵਿੱਚ ਵਿਦਿਆਰਥੀਆਂ ਤੱਕ ਪੁਹਚਾਉਣ।

## 10.0 ਸਕੂਲਾਂ ਦੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨ ਸਬੰਧੀ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਿਹੜੇ 3442 ਅਧਿਆਪਕਾਂ ਦੀ ਭਰਤੀ ਦਾ ਕੰਮ ਲਗਭਗ ਮੁਕੰਮਲ ਕੀਤਾ ਜਾ ਚੁਕੀਆਂ ਹਨ ਉਹਨ੍ਹਾ ਨੂੰ ਬਾਰਡਰ ਦੇ ਖਾਲੀ ਸਕੂਲਾਂ ਵਿੱਚ ਨਿਯੁਕਤ ਕੀਤਾ ਜਾਵੇ, ਜਿਸ ਲਈ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਬਾਰਡਰ ਇਲਾਕੇ ਦੇ ਸਕੂਲਾਂ ਵਿੱਚ ਜਿਥੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਉਹ ਸਬੰਧੀ ਸੂਚਨਾਂ ਤੁਰੰਤ ਮੁੱਖ ਦਫਤਰ ਨੂੰ ਭੇਜੀਆਂ ਜਾਣ ਤਾਂ ਜੋ ਖਾਲੀ ਪਏ ਸਕੂਲਾਂ ਵਿੱਚ ਅਧਿਆਪਕਾਂ ਦੀ ਨਿਯੁਕਤੀ ਦਾ ਕੰਮ ਪੂਰਾ ਕੀਤਾ ਜਾ ਸਕੇ।

## 11.0 ਸਮੂਹ ਜਿਲ੍ਹਾਂ ਸਿੱਖਿਆ ਦਫਤਰਾਂ ਵਿੱਖੇ ਲੀਗਲ ਸਹਾਇਕ ਨਿਯੁਕਤ ਕਰਨ ਬਾਰੇ

ਮੀਟਿੰਗ ਵਿੱਚ ਜਿਲ੍ਹਾਂ ਸਿੱਖਿਆ ਅਫਸਰ, ਸੰਗਰੂਰ ਵੱਲੋ ਧਿਆਨ ਵਿੱਚ ਲਿਆਦਾ ਗਿਆ ਕਿ ਉਨ੍ਹਾਂ ਦੇ ਜਿਲ੍ਹੇ ਵਿੱਚ ਕੋਰਟ ਕੇਸਾ ਦੀ Pendency ਬਹੁਤ ਹੈ, ਜਿਸ ਤੇ ਉਹਨ੍ਹਾਂ ਕੋਈ ਲੀਗਲ ਮਾਮਲੇ ਨੂੰ ਡੀਲ ਕਰਨ ਵਾਲਾ ਕੋਈ ਲੀਗਲ ਅਫਸਰ ਨਹੀ ਹੈ। ਇਸ ਲਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਹਰ ਜਿਲੇ ਵਿੱਚ ਇੱਕ ਲੀਗਲ ਅਫਸਰ ਨਿਯੁਕਤ ਕੀਤਾ ਜਾਵੇ, ਇਹਨ੍ਹਾਂ ਲੀਗਲ ਅਮਲੇ ਦੀ ਭਰਤੀ ਸਬੰਧੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਦੀ ਜਾਵੇ।

## 12.0. ਐਜੂਸੈਟ ਕੰਪਿਊਟਰ (Edusat) ਲੈਬਜ ਨੂੰ ਆਈ.ਸੀ.ਟੀ ਕੰਪਿਊਟਰ (ICT) ਲੈਬਜ ਵਿੱਚ ਤਬਦੀਲ ਕਰਨ ਸਬੰਧੀ।

ਐਜੂਸੈਟ ਪ੍ਰੋਜੈਕਟ ਅਧੀਨ ਵੱਖ-ਵੱਖ ਜਿਲ੍ਹਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਹਾਈ ਸਕੂਲਾਂ ਵਿੱਚ ਕੁੱਲ 2077 ਐਜੂਸੈਟ ਲੈਬਜ਼ ਸਥਾਪਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 24-24 ਕੰਪਿਊਟਰ ਮੁਹਇਆ ਕਰਵਾਏ ਗਏ ਹਨ। ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਹੈ ਜਿਹੜੇ 2077 ਸਕੂਲਾਂ ਵਿੱਚ ਐਜੂਸੈਟ ਕੰਪਿਊਟਰ ਲੈਬ ਸਥਾਪਿਤ ਕੀਤੀਆਂ ਗਈਆਂ ਹਨ, ਉਹਨ੍ਹਾ 2077 ਐਜੂਸੈਟ ਕੰਪਿਊਟਰ ਲੈਬਜ ਨੂੰ ਆਈ.ਸੀ.ਟੀ ਲੈਬਜ ਵਿੱਚ ਤਬਦੀਲ ਕਰ ਦਿੱਤਾ ਜਾਵੇ ਅਤੇ ਪੁਰਾਣੀਆ ਆਈ.ਸੀ.ਟੀ ਦੇ ਕੰਪਿਊਟਰਾਂ ਦੀ ਬੋਲੀ ਕਰਵਾਕੇ ਰੁਲਾਂ ਮੁਤਾਬਿਕ ਬੇਚ ਦਿੱਤਾ ਜਾਵੇ ਅਤੇ ਮੈਜੂਦਾ ਆਈ.ਸੀ.ਟੀ ਲੈਬ ਦੇ ਕਮਰੇ ਨੂੰ ਵਿਦਿਆਰਥੀਆਂ ਦੇ ਪੜਨ ਲਈ ਵਰਤਿਆ ਜਾਵੇ। ਇਸ ਸਬੰਧੀ ਪੱਤਰ ਪਹਿਲਾ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁਕੀਆਂ ਹਨ।

## 13.0 ਸਕੂਲ ਜਿਥੇ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ।

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਜਿਹੜੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹਨ, ਉਨ੍ਹਾਂ ਸਕੂਲਾਂ ਨੂੰ ਦੂਜੇ ਸਕੂਲਾਂ ਵਿੱਚ ਮਰਜ਼ ਕਰਨ ਸਬੰਧੀ ਵਿਚਾਰ ਕੀਤਾ ਜਾਵ ਦਿੱਤਾ ਜਾਵੇ ਅਤੇ ਵਿਦਿਆਰਥੀਆਂ ਨੂੰ ਨਾਲ ਲਗਦੇ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਜਾਵੇ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਤਜਵੀਜ਼ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜਣ ਲਈ ਕਿਹਾ ਗਿਆ ਕਿ ਪਰ ਕਈ ਜਿਲ੍ਹਾ ਸਿੱਖਿਆ ਦਫ਼ਤਰਾਂ ਵੱਲੋ ਇਸ ਸਬੰਧੀ ਰਿਪੋਰਟ ਮੁੱਖ ਦਫਤਰ ਨੂੰ ਨਹੀ ਭੇਜੀ ਗਈ। ਇਸ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜਿਹੜੇ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੈ, ਉਹਨ੍ਹਾਂ ਸਕੂਲਾਂ ਵਿੱਚ ਦੂਜੇ ਸਕੂਲਾਂ ਵਿੱਚ ਮਰਜ਼ ਕਰਨ ਸਬੰਧੀ ਤੁਰੰਤ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਸ ਸਬੰਧੀ ਲੋੜੀਦਾ ਕਾਰਵਾਈ ਜਲਦ ਮੁਕੰਮਲ ਕੀਤੀ ਜਾ ਸਕੇ।

## 14.0 U-DISE Survey 2012-13

U-DISE Survey ਪੰਜਾਬ ਰਾਜ ਦੇ ਸਾਰੇ ਜਿਲ੍ਹਿਆਂ ਵਿਚ ਸਕੂਲਾਂ ਤੋਂ ਆਂਕੜੇ ਇਕੱਤਰ ਕਰਨ ਲਈ ਕਰਵਾਇਆ ਜਾ ਰਿਹਾ ਹੈ। ਸਕੂਲਾਂ ਤੋਂ ਪ੍ਰਫਾਰਮੇਂ ਭਰਵਾਉਣ ਲਈ ਜਿਲ੍ਹਿਆਂ ਨੂੰ ਮਿਤੀ 25-10-2012 ਤੱਕ ਦਾ ਸਮਾਂ ਦਿੱਤਾ ਗਿਆ ਸੀ, ਪਰ ਕੁੱਝ ਜਿਲ੍ਹਿਆਂ ਵਲੋਂ ਸਕੂਲਾਂ ਤੋਂ ਪ੍ਰਫਾਰਮੇਂ ਭਰਵਾਉਣ ਵਿਚ ਦੇਰੀ ਕੀਤੀ ਜਾ ਰਹੀ ਹੈ। ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਮਿਤੀ 30-10-2012 ਤੋਂ ਪਹਿਲਾਂ ਪਹਿਲਾਂ ਸਾਰੇ ਸਕੂਲਾਂ ਤੋਂ ਪ੍ਰਫਾਰਮੇਂ ਭਰਾ ਲੈਣ ਅਤੇ ਸਬੰਧਤ ਕੰਪੋਨੈਂਟ ਜਿਵੇਂ ਕਿ ਸਿਵਲ, ਫਾਇਨਾਂਸ, ਜੈਂਡਰ, ਮਿਡ-ਡੇ-ਮੀਲ ਆਦਿ ਤੋਂ ਇਨ੍ਹਾਂ ਪ੍ਰਫਾਮਿਆਂ ਨੂੰ ਚੈਕ ਵੀ ਕਰਵਾ ਲੈਣ ਤਾਂ ਜੋ ਸਲਾਨਾ ਪਲਾਨ ਬਨਾਉਣ ਸਮੇਂ ਕਿਸੇ ਵੀ ਕਿਸਮ ਦੀ ਔਕੜ ਪੇਸ਼ ਨਾ ਆਵੇ।

ਜਿਲ੍ਹਾ ਅਮ੍ਰਿਤਸਰ, ਬਠਿੰਡਾ, ਫਿਰੋਜਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮਾਨਸਾ, ਸ.ਭ.ਸ. ਨਗਰ ਵਲੋਂ ਮਿਤੀ 27-10-2012 ਤੱਕ ਵੀ ਸਮੂਹ ਸਕੂਲਾਂ ਤੋਂ ਪ੍ਰਫਾਰਮੇ ਇਕੱਤਰ ਨਹੀਂ ਕੀਤੇ ਗਏ ਹਨ।

## 15.0 www.epunjabschool.gov.in

ਪੰਜਾਬ ਸਰਕਾਰ ਵਲੋਂ ਸਕੂਲ ਸਬੰਧੀ ਜਾਣਕਾਰੀ ਨੂੰ ਆਨਲਾਈਨ ਕਰਨ ਲਈ ਇੱਕ epunjabschool.gov.in ਨਾ ਦਾ ਵੈਬ-ਪੋਰਟਲ ਬਣਾਇਆ ਗਿਆ ਹੈ। ਡਿਪਟੀ ਮੈਨੇਜਰ (ਐਮ.ਆਈ.ਐਸ.) ਵਲੋਂ ਇਸ ਸਬੰਧੀ ਦੱਸਿਆ ਗਿਆ ਕਿ ਹਾਲ ਦੀ ਘੜੀ ਸਿਰਫ ਵਿਦਿਆਰਥੀਆਂ

ਅਤੇ ਅਧਿਆਪਕਾਂ ਦੀ ਜਾਣਕਾਰੀ ਤੋਂ ਇਲਾਵਾ ਰੋਜਾਨਾ ਹਾਜਰੀ ਵੀ ਇਸ ਸਿਸਟਮ ਨਾਲ ਲਗਾਉਣ ਲਈ ਸਕੂਲਾਂ ਨੂੰ ਹਦਾਇਤ ਕੀਤੀ ਗਈ ਹੈ। ਪਰ ਬਹੁਤ ਸਾਰੇ ਜਿਲ੍ਹੇ ਅਜਿਹੇ ਵੀ ਹਨ ਜਿਨ੍ਹਾਂ ਵਲੋਂ ਅਜੇ ਤੱਕ ਵੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਜਾਣਕਾਰੀ ਵੀ ਇਸ ਸਿਸਟਮ ਵਿਚ ਦਰਜ ਨਹੀਂ ਕੀਤੀ ਗਈ ਹੈ। ਜਿਲ੍ਹਾਵਾਰ ਪ੍ਰਗਤੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ :-

**Status of Data Entry under E-Punjab School Web Portal**

| Sl.No. | District Name | Total School | Students | | Staff | | Total Pendency | % Pendency |
|---|---|---|---|---|---|---|---|---|
| | | | Approved | Pending | Approved | Pending | | |
| 1 | AMRITSAR | 415 | 281 | 134 | 293 | 122 | 134 | 32.29 |
| 2 | BARNALA | 111 | 91 | 20 | 109 | 2 | 20 | 18.02 |
| 3 | BATHINDA | 264 | 100 | 164 | 145 | 119 | 164 | 62.12 |
| 4 | FARIDKOT | 155 | 108 | 47 | 106 | 49 | 49 | 31.61 |
| 5 | FATEHGARH SAHIB | 219 | 198 | 21 | 204 | 15 | 21 | 9.59 |
| 6 | FAZILKA | 222 | 82 | 140 | 110 | 112 | 140 | 63.06 |
| 7 | FEROZEPUR | 220 | 138 | 82 | 159 | 61 | 82 | 37.27 |
| 8 | GURDASPUR | 430 | 265 | 165 | 298 | 132 | 165 | 38.37 |
| 9 | HOSHIARPUR | 493 | 244 | 249 | 258 | 235 | 249 | 50.51 |
| **10** | **JALANDHAR** | **440** | **440** | **0** | **440** | **0** | **0** | **0.00** |
| 11 | KAPURTHALA | 262 | 178 | 84 | 196 | 66 | 84 | 32.06 |
| 12 | LUDHIANA | 524 | 78 | 446 | 143 | 381 | 446 | 85.11 |
| 13 | MANSA | 187 | 28 | 159 | 48 | 139 | 159 | 85.03 |
| 14 | MOGA | 238 | 143 | 95 | 151 | 87 | 95 | 39.92 |
| 15 | MUKTSAR | 215 | 189 | 26 | 189 | 26 | 26 | 12.09 |
| 16 | PATHANKOT | 146 | 71 | 75 | 91 | 55 | 75 | 51.37 |
| 17 | PATIALA | 371 | 56 | 315 | 135 | 236 | 315 | 84.91 |
| 18 | ROOPNAGAR | 277 | 71 | 206 | 75 | 202 | 206 | 74.37 |
| 19 | S.A.S. NAGAR | 215 | 49 | 166 | 73 | 142 | 166 | 77.21 |
| **20** | **S.B.S. NAGAR** | **214** | **214** | **0** | **214** | **0** | **0** | **0.00** |
| 21 | SANGRUR | 357 | 196 | 161 | 221 | 136 | 161 | 45.10 |
| 22 | TARN TARAN | 269 | 138 | 131 | 163 | 106 | 131 | 48.70 |
| | Total | 6244 | 3358 | 2886 | 3821 | 2423 | 2886 | 46.22 |

ਉਪਰੋਕਤ ਦਰਸਾਏ ਜਿਲ੍ਹਿਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰਾਂ ਨਾਲ ਗੱਲਬਾਤ ਕਰਕੇ ਸਕੂਲਾਂ ਤੋਂ ਜਲਦ ਤੋਂ ਜਲਦ ਜਾਣਕਾਰੀ ਦਰਜ ਕਰਵਾਉਣ ਲਈ ਕਾਰਵਾਈ ਕਰਨ ਅਤੇ ਸਕੂਲਾਂ ਨੂੰ ਹਦਾਇਤ ਕਰਨ ਕਿ ਉਹ ਆਪਣੀ ਹਾਜਰੀ ਇਸ ਸਿਸਟਮ ਨਾਲ ਲਗਾਉਣ। ਇਸ ਸਬੰਧੀ ਪੱਤਰ ਵੀ ਜਾਰੀ ਕੀਤਾ ਗਿਆ ਹੈ।

16.0 <u>ਵਿਦਿਆਰਥੀਆਂ ਨੂੰ ਕਿਤਾਬਾਂ ਮੁਹਇਆ ਕਰਵਾਉਣ ਸਬੰਧੀ।</u>

ਨਿਰੀਖਣ ਦੌਰਾਨ ਇਹ ਧਿਆਨ ਵਿੱਚ ਆਇਆ ਕਿ ਜਿਲ੍ਹਾ ਅੰਮ੍ਰਿਤਸਰ ਦੇ ਬਲਾਕ ਅ੍ਰਿਮਤਸਰ-6 ਵਿੱਚ ਕਾਫੀ ਮਾਤਰਾ ਵਿੱਚ ਕਿਤਾਬਾਂ ਕਮਰੇ ਵਿੱਚ ਬੰਦ ਪਈਆਂ ਹਨ ਅਤੇ ਇਸੇ ਤਰ੍ਹਾਂ ਬਲਾਕ-ਵੇਰਵਾ ਵਿਖੇ ਵਿੱਚ ਲਗਭਗ 9000-10,000 ਕਿਤਾਬਾਂ ਜਿਹੜੀਆਂ ਕੀ ਵਿਦਿਆਰਥੀਆਂ ਵੱਲੋ ਇਸਤੇਮਾਲ ਕੀਤੀਆਂ ਜਾਣੀਆਂ ਸਨ, ਉਹ ਅਣਵਤੀਆਂ ਪਈਆਂ ਹਨ ਅਤੇ ਇਸੇ ਤਰ੍ਹਾਂ ਜਿਲ੍ਹਾ ਪਟਿਆਲਾ ਵਿੱਚ ਰਾਜਪੁਰਾ ਵਿਖੇ ਵੀ ਸਕੂਲ ਵਿੱਚ ਅਜਿਹੀ ਦੀ ਸੱਥਿਤੀ ਨਿਰੀਖਣ ਦੌਰਾਨ ਵੇਖਣ ਨੂੰ ਮਿਲੀ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਹ ਯਕੀਨੀ ਬਨਾਉਣ ਕਿ ਕੋਈ ਵੀ ਕਿਤਾਬ ਬਲਾਕਾ ਵਿੱਚ ਅਣਵਰਤੀ ਨਾ ਪਈ ਹੋਵੇ।

**17.0 <u>ਛੁੱਟੀਆਂ ਮੰਨਜੂਰ ਕਰਨ ਸਬੰਧੀ</u>**

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਅਧਿਆਪਕਾਂ/ਕਰਮਚਾਰੀਆਂ ਵੱਲੋ ਸਕੂਲ ਮੁੱਖੀ ਤੋ ਛੁਟੀ ਪ੍ਰਵਾਨ ਕਰਵਾਕੇ ਅਵੇਤ ਕਰ ਲਈ ਜਾਂਦੀ ਹੈ ਅਤੇ ਕਈ ਅਧਿਆਪਕ ਅਕਸਰ ਛੁਟੀ ਤੇ ਹੀ ਰਹਿੰਦੇ ਹਨ, ਜਿਸ ਨਾਲ ਸਕੂਲ ਵਿੱਚ ਵਿਦਿਆਰਥੀਆਂ ਦੀ ਪੜਾਈ ਦਾ ਨੁਕਸਾਨ ਹੁੰਦਾ ਹੈ ਅਤੇ ਕਈ ਸਕੂਲਾਂ ਵਿੱਚ ਅਧਿਆਪਕਾਂ ਦੁਆਰਾ ਛੁੱਟੀਆਂ ਲੈਣ ਲਈ ਸਕੂਲ ਮੁੱਖੀਆਂ ਤੇ ਦਬਾਅ ਪਾਇਆ ਜਾਂਦਾ ਹੈ।ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਸਕੂਲ ਅਧਿਆਪਕਾਂ ਦੀ ਛੁੱਟੀ ਮੰਨਜੂਰ ਕਰਨ ਸਬੰਧੀ 7 ਦਿਨ ਤੱਕ ਦੀ ਛੁੱਟੀ ਸਕੂਲ ਮੁੱਖੀ ਦੇ ਪੱਧਰ ਤੇ, ਇਕ ਮਹੀਨੇ ਤੱਕ ਦੀ ਛੁੱਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਪੱਧਰ ਤੇ ਮੰਨਜੂਰ ਕੀਤੀ ਜਾਵੇਗੀ ਅਤੇ ਇਸ ਤੋਂ ਵੱਧ ਸਮੇਂ ਤਕ ਦੀ ਛੁੱਟੀ ਮੁੱਖ ਦਫ਼ਤਰ ਦੇ ਪੱਧਰ ਤੇ ਮੰਜਨੂਰ ਕੀਤੀ ਜਾਵੇਗੀ। ਇਸ ਸਬੰਧੀ ਮੁੱਖ ਦਫ਼ਤਰ ਤੋਂ ਜਲਦ ਹੀ ਪੱਤਰ ਜਾਰੀ ਕੀਤਾ ਜਾਵੇਗਾ।

**18.0 <u>ਜਿਲ੍ਹਾ ਸਿੱਖਿਆ ਅਫਸਰ ਦੇ ਦਫ਼ਤਰਾਂ ਵਿੱਚ ਲੋੜੀਦੀਆਂ ਸਹੂਲਤਾਂ ਦੇਣ ਸਬੰਧੀ</u>**

ਮੀਟਿੰਗ ਵਿੱਚ ਜ਼ਿਲਾ ਸਿੱਖਿਆ ਅਫਸਰਾ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਕਿ ਉਨ੍ਹਾਂ ਦੇ ਦਫ਼ਤਰਾਂ ਵਿੱਚ ਲੋੜੀਦੀਆਂ ਸਹੂਲਤਾਂ ਜਿਵੇਂ ਕਿ ਕੰਪਿਊਟਰ ਅਤੇ ਫਰਨੀਚਰ ਆਦਿ ਅਤੇ ਦਫ਼ਤਰੀ ਕੰਮ ਲਈ ਕਰਮਚਾਰੀਆਂ ਦੀ ਘਾਟ ਹੈ।ਇਸ ਤੋ ਇਲਾਵਾ ਜਿਲ੍ਹਾਂ ਸਿੱਖਿਆ ਅਫਸਰਾਂ ਨੂੰ ਗਡੀਆਂ ਆਦਿ ਮੁਹਇਆ ਕਰਵਾਈਆਂ ਜਾਣ ਤਾਂ ਜੋ ਜਿਲ੍ਹੇ ਦਾ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।ਇਸ ਸਬੰਧੀ ਸਮੂਹ ਜ਼ਿਲ੍ਹਿਆਂ ਨੂੰ ਜਰੂਰੀ ਸਹੂਲਤਾਂ ਮੁਹਇਆ ਕਰਵਾਉਣ ਸਬੰਧੀ ਕਮੇਟੀ ਦਾ ਗਠਨ ਕੀਤਾ ਜਾਵੇ ਜੋ ਕਿ ਜ਼ਿਲ੍ਹਿਆਂ ਨੂੰ ਉਪਰੋਕਤ ਸਹੂਲਤਾਂ ਮੁਹਇਆ ਕਰਨ ਲਈ ਕੰਮ ਕਰੇਗੀ।

**19.0 <u>ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਸਭਿਅਕ ਕਪੜੇ ਪਾਉਣ ਸਬੰਧੀ</u>**

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਸਕੂਲ ਅਧਿਆਪਕਾਂ ਵੱਲੋਂ ਸਕੂਲਾਂ ਵਿੱਚ ਭੜਕੀਲੇ ਪਹਿਰਾਵੇ ਪਾਏ ਜਾਂਦੇ ਹਨ। ਇਸ ਤਰ੍ਹਾਂ ਦਾ ਪਹਿਰਾਵਾ ਸਕੂਲਾਂ ਵਿੱਚ ਪਾਉਣਾ ਉਚਿਤ ਨਹੀਂ ਹੈ। ਇਸ ਸਬੰਧੀ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਹ ਯਕੀਨੀ ਬਣਾਉਣ ਕਿ ਸਕੂਲ ਅਧਿਆਪਕਾਂ / ਕਰਮਚਾਰੀਆਂ ਵੱਲੋਂ ਸਕੂਲ ਸਮੇਂ ਦੌਰਾਨ ਸਭਿਅਕ ਪਹਿਰਾਵਾ ਹੀ ਪਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਤੇ ਪ੍ਰਤੀਕੂਲ ਪ੍ਰਭਾਵ ਨਾ ਪਵੇ। ਇਸ ਸਬੰਧੀ ਮੁੱਖ ਦਫ਼ਤਰ ਤੋਂ ਪੱਤਰ ਵੀ ਜਾਰੀ ਕੀਤਾ ਜਾਵੇ।

**20.0 <u>ਲੰਬੇ ਸਮੇਂ ਤੋਂ ਗੈਰਹਾਜਰ ਅਧਿਆਪਕਾਂ ਸਬੰਧੀ</u>**

ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਉਨ੍ਹਾਂ ਦੇ ਅਧੀਨ ਕੰਮ ਕਰਦੇ ਲੰਬੇ ਸਮੇਂ ਤੋਂ ਗੈਰਹਾਜਰ ਅਧਿਆਪਕਾਂ/ਕਰਮਚਾਰੀਆਂ ਦੀ ਸੂਚੀ ਮੀਟਿੰਗ ਦੌਰਾਨ ਦਿੱਤੀ ਗਈ ਅਤੇ ਕਿਹਾ ਗਿਆ ਕਿ 7 ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਕਰਮਚਾਰੀਆਂ ਦੇ ਨਾਮ, ਅਹੁਦਾ, ਸਕੂਲ ਦਾ ਨਾਂਮ ਆਦਿ ਦੀ ਜਾਂਚ ਕਰਕੇ ਮੁੱਖ ਦਫ਼ਤਰ ਨੂੰ ਰਿਪੋਰਟ ਪੇਸ਼ ਕੀਤੀ ਜਾਵੇ । ਸੂਚੀਆਂ ਵਿੱਚ ਦਰਜ ਕਰਮਚਾਰੀਆਂ ਤੋਂ ਇਲਾਵਾ ਵੀ ਜੇਕਰ ਕੋਈ ਨਵਾਂ ਲੰਬੀ ਗੈਰਹਾਜਰੀ ਸਬੰਧੀ ਕੇਸ ਜਿਲ੍ਹਾ ਸਿੱਖਿਆ ਅਫਸਰਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਇਸ ਸਬੰਧੀ ਵੀ ਰਿਪੋਰਟ ਵਿੱਚ ਦਰਜ ਕੀਤਾ ਜਾਵੇ।

**21.0 <u>ਸੀਨੀਅਰ ਲੈਕਚਰਾਰਾਂ ਨੂੰ ਸਕੂਲਾਂ ਵਿੱਚ ਭੇਜਣ ਸਬੰਧੀ</u>**

ਮੀਟਿੰਗ ਦੌਰਾਨ ਧਿਆਨ ਵਿੱਚ ਲਿਆਂਦਾ ਗਿਆ ਕਿ ਸਕੂਲਾਂ ਵਿੱਚ ਲੈਕਚਰਾਰਾਂ ਦੀਆਂ ਬਹੁਤ ਸਾਰੀਆਂ ਅਸਾਮੀਆਂ ਖਾਲੀ ਪਈਆਂ ਹਨ। ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਜੋ ਸੀਨੀਅਰ ਲੈਕਚਰਾਰ ਡਾਇਟਾਂ ਵਿੱਚ ਡਿਊਟੀ ਕਰ ਰਹੇ ਹਨ, ਉਨ੍ਹਾਂ ਨੂੰ ਸਕੂਲਾਂ ਵਿੱਚ ਲੋੜਵੰਦ ਥਾਵਾਂ ਤੇ ਸਕੂਲਾਂ ਵਿੱਚ ਭੇਜਿਆ ਜਾਵੇ।

**22.0 B.M.I. Chart ਅਨੁਸਾਰ ਵਿਦਿਆਰਥੀਆਂ ਦੀ ਜਾਂਚ ਕਰਵਾਉਣ ਸਬੰਧੀ**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਰਾਜ ਦੇ ਸਮੂਹ ਸਕੂਲਾਂ ਵਿੱਚ ਵਿਦਿਆਰਥੀਆਂ ਦਾ Body Mass Index Chart (B.M.I.) ਅਨੁਸਾਰ ਮੁਆਇਨਾ ਕੀਤਾ ਜਾਵੇ। ਵਿਦਿਆਰਥੀ ਦੀ B.M.I. ਨਾਰਮਲ ਰੇਸ਼ੋ ਤੋਂ ਘੱਟ ਹੋਣ ਦਾ ਮਤਲਬ ਹੈ ਕਿ ਵਿਦਿਆਰਥੀ ਕੁਪੋਸ਼ਨ ਦਾ ਸ਼ਿਕਾਰ ਹੈ ਜਾਂ ਕਿਸੇ ਬਿਮਾਰੀ ਤੋਂ ਪੀੜਤ ਹੈ। ਅਜਿਹੇ ਵਿਦਿਆਰਥੀ ਸਹੀ ਢੰਗ ਨਾਲ ਸਿੱਖਿਆ ਪ੍ਰਾਪਤ ਕਰਨ ਤੋਂ ਅਸਮਰਥ ਹੁੰਦੇ ਹਨ। ਸਮੂਹ ਸਕੂਲਾਂ ਵਿੱਚ ਅਧਿਆਪਕਾਂ ਦੁਆਰਾ ਬੱਚਿਆਂ ਦੀ B.M.I. ਚਾਰਟ ਅਨੁਸਾਰ ਜਾਂਚ ਕੀਤੀ ਜਾਵੇ। ਇਸ ਕੰਮ ਲਈ ਸਮੂਹ ਡੀ.ਆਰ.ਪੀ. ਅਤੇ ਬੀ.ਆਰ.ਪੀ. ਦੀ ਸਹਾਇਤਾ ਲਈ ਜਾਵੇ। ਜੇਕਰ ਕਿਸੇ ਵਿਦਿਆਰਥੀ ਦੀ B.M.I. ਨਾਰਮਲ ਰੇਸ਼ੋ ਤੋਂ ਘੱਟ ਪਾਈ ਜਾਂਦੀ ਹੈ ਤਾਂ ਤੁਰੰਤ ਇਸ ਦੀ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ। ਇਸ ਮਗਰੋਂ ਅਜਿਹੇ ਬੱਚਿਆਂ ਦੀ ਡਾਕਟਰੀ ਜਾਂਚ ਕਰਵਾਈ ਜਾਵੇਗੀ ਅਤੇ ਜਰੂਰੀ ਇਲਾਜ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ।

**23.0 ਸਕੂਲਾਂ ਵਿੱਚ Anti Drug Day (19-20 ਨਵੰਬਰ 2012) ਮਨਾਉਣ ਸਬੰਧੀ**

ਰਾਜ ਵਿੱਚ ਨਸ਼ਿਆ ਵਿਰੁਧ ਮੁਹਿਮ ਚਲਾਉਣ ਅਤੇ ਇਸ ਸਬੰਧੀ ਸਮੂਹ ਲੋਕਾਂ ਨੂੰ ਜਾਗਰੂਕ ਕਰਨ ਦੇ ਮਨੋਰਥ ਨਾਲ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਕਿ ਸਕੂਲਾਂ ਵਿੱਚ 19-20 ਨਵੰਬਰ 2012 ਨੂੰ **Anti Drug Day** ਵੱਜੋਂ ਮਨਾਇਆ ਜਾਵੇਗਾ। ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਇਸ ਮੁਹਿਮ ਨੂੰ ਸਫਲ ਬਨਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇ। ਇਨ੍ਹਾਂ ਦੋ ਦਿਨਾਂ ਦੇ ਪ੍ਰੋਗਰਾਮ ਵਿੱਚ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਸਕੂਲਾਂ ਵਿੱਚ ਕਰਵਾਈਆਂ ਜਾਣਗੀਆਂ:

- **19 ਨਵੰਬਰ 2012** ਨੂੰ ਰਾਜ ਦੇ ਸਮੂਹ ਸਕੂਲਾਂ ਵਿੱਚ ਨੱਸ਼ਿਆ ਦੀਆਂ ਬੁਰਾਈਆਂ ਅਤੇ ਇਨ੍ਹਾਂ ਤੋਂ ਦੂਰ ਰਹਿਣ ਸਬੰਧੀ ਪੇਂਟਿੰਗ ਜਾਂ ਲੇਖ ਲਿਖਣ ਸਬੰਧੀ ਮੁਕਾਬਲੇ ਕਰਵਾਏ ਜਾਣਗੇ।
- **20 ਨਵੰਬਰ 2012** ਨੂੰ ਇਕ ਘੰਟੇ ਤੱਕ ਸਕੂਲ ਮੁਖੀ ਵੱਲੋਂ ਨੱਸ਼ਿਆਂ ਵਿਰੁਧ ਭਾਸ਼ਣ ਦਿੱਤਾ ਜਾਵੇਗਾ ਇਸ ਦੌਰਾਨ ਸਕੂਲੋਂ ਬਾਹਰੋਂ ਵੀ ਕਿਸੇ ਮੋਤਬਰ ਵਿਅਕਤੀ ਨੂੰ ਬੁਲਾਇਆ ਜਾ ਸਕਦਾ ਹੈ। ਇਸ ਦਿੱਨ ਐਸ.ਐਮ.ਸੀ. ਦੇ ਮੈਂਬਰ ਅਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਸਕੂਲ ਵਿੱਚ ਬੁਲਾਇਆ ਜਾਵੇ। ਇਸ ਉਪਰੰਤ ਪਹਿਲੇ ਦਿਨ (19 ਨਵੰਬਰ 2012) ਕਰਵਾਏ ਗਏ ਮੁਕਾਬਲੇਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ। ਇਸ ਤੋਂ ਮਗਰੋਂ ਸਕੂਲ ਦੇ ਸਮੂਹ ਵਿਦਿਆਰਥੀ, ਐਸ.ਐਮ.ਸੀ. ਦੇ ਮੈਂਬਰ ਅਤੇ ਵਿਦਿਆਰਥੀਆਂ ਦੇ ਮਾਪੇ ਸਕੂਲ ਦੇ ਨੇੜੇ ਦੇ ਇਲਾਕੇ ਵਿੱਚ ਇਕ ਘੰਟਾ ਰੈਲੀ ਕਰਨਗੇ। ਰੈਲੀ ਦੌਰਾਨ ਬੱਚਿਆਂ ਵੱਲੋਂ ਨੱਸ਼ਿਆਂ ਵਿਰੁਧ ਪੋਸਟਰ ਆਦਿ ਤਿਆਰ ਕਰਕੇ ਹੱਥਾਂ ਵਿੱਚ ਫੜੇ ਜਾਣਗੇ ਅਤੇ ਜਨਤਾ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਜਾਵੇਗਾ। ਇਸ ਕੰਮ ਲਈ ਆਉਣ ਵਾਲੇ ਖਰਚੇ ਤੇ ਐਸ.ਐਮ.ਸੀ. ਦੇ ਫੰਡਾਂ ਵਿੱਚੋਂ ਰੁ: 800/- ਪ੍ਰਤੀ ਸਕੂਲ ਖਰਚ ਕੀਤਾ ਜਾ ਸਕਦਾ ਹੈ।

ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਵੀ ਮੁੱਖ ਦਫ਼ਤਰ ਤੋਂ ਜਲਦ ਜਾਰੀ ਕੀਤੀਆਂ ਜਾਣਗੀਆਂ।

**24.0 ਸਾਇੰਸ ਗਰੁਪ ਵਾਲੇ ਸਕੂਲਾਂ ਸਬੰਧੀ**

ਕਈ ਸਕੂਲਾਂ ਵਿੱਚ ਸਾਇੰਸ ਗਰੁਪ ਚੱਲ ਰਹੇ ਹਨ। ਪ੍ਰੰਤੂ ਉਥੇ ਅਧਿਆਪਕਾਂ ਦੀ ਘਾਟ, ਲੰਬੀ ਛੁੱਟੀ ਤੇ ਜਾਣ ਜਾਂ ਬਦਲੀ ਹੋਣ ਕਾਰਨ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਇਸ ਸਬੰਧੀ ਫੈਸਲਾ ਕੀਤਾ ਗਿਆ ਕਿ ਸਾਇੰਸ ਗਰੁਪ ਕੇਵਲ ਉਨ੍ਹਾਂ ਸਕੂਲਾਂ ਵਿੱਚ ਚਲਾਇਆ ਜਾਵੇ ਜਿਥੇ ਕਿ ਲੋੜੀਦੀ ਗਿਣਤੀ ਵਿੱਚ ਸਾਰੇ ਵਿਸ਼ੇ ਦੇ ਅਧਿਆਪਕ ਅਤੇ ਹੋਰ ਸਹੂਲਤਾਂ ਮੋਜੂਦ ਹੋਣ। ਇਸ ਲਈ ਅਜਿਹੇ ਸਕੂਲਾਂ ਨੂੰ ਕਲੱਬ ਕਰਨ ਬਾਰੇ ਜ਼ਿ.ਸਿ.ਅ.(ਸੈ.ਸਿ.) ਨੂੰ ਤਜਵੀਜ ਪੇਸ਼ ਕਰਨ ਸਬੰਧੀ ਕਿਹਾ ਗਿਆ।

## 25.0 ਸਕੂਲਾਂ ਵਿੱਚ ਅਣਸੁਰੱਖਿਅਤ ਇਮਾਰਤਾਂ ਸਬੰਧੀ

ਸਕੂਲਾਂ ਵਿੱਚ ਅਣਸੁਰੱਖਿਅਤ ਇਮਾਰਤਾਂ ਨੂੰ ਢਾਹੁਣ ਸਬੰਧੀ ਦਫ਼ਤਰ ਤੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਸਿਵਲ ਵਰਕਸ ਦੇ ਅਧੀਨ ਸਕੂਲਾਂ ਵਿੱਚ ਭੇਜੀ ਰਿਪੇਅਰ ਅਤੇ ਮੈਂਟੇਨੈਸ ਗ੍ਰਾਂਟ ਦੀ ਵਰਤੋਂ ਪੁਰਾਣੀਆਂ ਅਣਸੁਰੱਖਿਅਤ ਇਮਾਰਤਾਂ ਢਾਹੁਣ ਲਈ ਕੀਤੀ ਜਾਵੇ। ਇਸ ਕੰਮ ਲਈ ਇਕ ਕਮੇਟੀ ਬਣਾਈ ਜਾਵੇ ਜਿਸ ਵਿੱਚ ਸਕੂਲ ਮੁੱਖੀ, ਅਧਿਆਪਕ ਅਤੇ ਐਸ.ਐਮ.ਸੀ. ਦੇ ਮੈਂਬਰ ਵੀ ਸ਼ਾਮਿਲ ਹੋਣਗੇ। ਪੁਰਾਣੀ ਇਮਾਰਤ ਢਾਹੁਣ ਉਪਰੰਤ ਇਟਾਂ ਅਤੇ ਮਲਬਾ ਆਦਿ ਨੂੰ ਵੇਚ ਦਿੱਤਾ ਜਾਵੇ ਅਤੇ ਇਸ ਤੋਂ ਪ੍ਰਾਪਤ ਆਮਦਨ ਅਤੇ ਰਿਪੇਅਰ ਲਈ ਪ੍ਰਾਪਤ ਗ੍ਰਾਂਟ ਨਾਲ ਮੁੜ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਜਾਵੇ।

ਇਹਨਾਂ ਉਕਤ ਫੈਸਲਿਆਂ/ਵਿਚਾਰਾਂ ਨਾਲ ਇਹ ਮੀਟਿੰਗ ਧੰਨਵਾਦ ਸਹਿਤ ਸਮਾਪਤ ਹੋਈ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ